# ਬੱਚਿਆਂ ਲਈ ਬਾਈਬਲ
## ਉਪੱਸਥਿਤ



# ਨਹਮਯਾਹ ਦੀ ਮਹਾਨ ਦੀਵਾਰ


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Mary-Anne S.



ਕਹਾਣੀ 35 ਤ੍ਰ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਪਰਸੀਆ, ਇੱਕ ਤਾਕਤਵਰ ਦੇਸ਼, ਸੰਸਾਰ ਉੱਤੇ ਰਾਜ ਕਰਦਾ ਸੀ।ਅਤੇ ਬਾਦਸ਼ਾਹ ਅਰਤਹਸ਼ਸ਼ਤਾ ਪਰਸੀਆ ਉੱਤੇ ਰਾਜ ਕਰਦਾ ਸੀ।ਬਾਦਸ਼ਾਹ ਦਾ ਇੱਕ ਖਾਸ ਮਦਦਗਾਰ ਇੱਕ ਯਹੂਦੀ ਜਿਸ ਦਾ ਨਾ ਨਹਮਯਾਹ ਸੀ। ਉਸ ਦਾ ਕੰਮ ਬਾਦਸ਼ਾਹ ਦੇ ਭੋਜਨ ਨੂੰ ਚੱਖਣਾ ਸੀ ਤਾਂ ਜੋ ਬਾਦਸ਼ਾਹ ਦੀ ਜ਼ਹਿਰ ਤੋਂ ਰੱਖਿਆ ਕੀਤੀ ਜਾਵੇ।



1

ਇੱਕ ਦਿਨ ਨਹਮਯਾਹ ਬੜੇ ਹੀ ਉਦਾਸ ਚਿਹਰੇ ਨਾਲ ਬਾਦਸ਼ਾਹ ਦੇ ਸਾਹਮਣੇ ਆਇਆ। ਬਾਦਸ਼ਾਹ ਨੇ ਜਾਨਣਾ ਚਾਹਿਆ ਕੇ ਕੀ ਗਲਤ ਹੋਇਆ ਹੈ, "ਹੇ ਬਾਦਸ਼ਾਹ, ਜੁਗੋ ਜੁੱਗ ਜੀਉਂਦਾ ਰਹੇ," ਨਹਮਯਾਹ ਨੇ ਆਖਿਆ। "ਮੈ ਉਦਾਸ ਹਾਂ ਕਿਉਂਕਿ ਉਹ ਸ਼ਹਿਰ ਜਿੱਥੇ ਮੇਰੇ ਪਿਉ ਦਾਦਿਆਂ ਦੀਆਂ ਕਬਰਾਂ ਹਨ ਥੇਹ ਹੋਇਆ ਪਿਆ ਹੈ ਅਤੇ ਫਾਟਕ ਅੱਗ ਨੇ ਖਾ ਲਏ ਹਨ। " ਨਹਮਯਾਹ ਯਰੂਸ਼ਲਮ ਦੇ ਬਾਰੇ ਗੱਲ ਕਰ ਰਿਹਾ ਸੀ, ਜੋ ਬਹੁਤ ਸਾਲਾਂ ਪਹਿਲਾਂ ਲੜਾਈ ਵਿੱਚ ਨਾਸ਼ ਕਰ ਦਿੱਤਾ ਗਿਆ ਸੀ।



2


ਬਾਦਸ਼ਾਹ ਅਰਤਹਸ਼ਸ਼ਤਾ ਨੇ ਪੁੱਛਿਆ, “ਤੂੰ ਕੀ ਚਾਹੁੰਦਾ ਹੈ?” “ਮੈਨੂੰ ਯਰੂਸ਼ਲਮ ਨੂੰ ਜਾਣ ਦਿਓ ਜਾਂ ਮੈ ਓਿਸ ਨੂੰ ਦੂਬਾਰਾ ਬਣਾਵਾਂ।” ਨਹਮਯਾਹ ਨੇ ਬੇਨਤੀ ਕੀਤੀ। ਬਾਦਸ਼ਾਹ ਅਰਤਹਸ਼ਸ਼ਤਾ ਬੇਨਤੀ ਮੰਨ ਗਿਆ। ਉਸ ਨੇ ਨਹਮਯਾਹ ਨੂੰ ਰਾਸਤੇ ਵਿੱਚ ਹਿਫਾਜਤ ਲਈ ਸ਼ਾਹੀ ਚਿੱਠੀ ਵੀ ਦਿੱਤੀ।
3


ਬਾਦਸ਼ਾਹ ਨੇ ਹੋਰ ਵੀ ਮਦਦ ਕੀਤੀ। ਬਾਦਸ਼ਾਹ ਨੇ ਨਹਮਯਾਹ ਨੂੰ ਆਸਾਪ, ਜੋ ਬਾਦਸ਼ਾਹ ਦੇ ਜਗਲ ਦਾ ਰਖਵਾਲਾ ਸੀ ਲਈ ਚਿੱਠੀ ਦਿੱਤੀ। ਆਸਾਪ ਨੂੰ ਹੁਕਮ ਸੀ ਕੀ ਨਹਮਯਾਹ ਨੂੰ ਜਿੰਨੀ ਵੀ ਲੱਕੜ ਸ਼ਹਿਰ ਦੀ ਦੀਵਾਰ ਨੂੰ ਬਣਾਉਣ ਲਈ ਚਾਹੀਦੀ ਹੈ ਦਿੱਤੀ ਜਾਵੇ।
4


ਜਦ ਨਹਮਯਾਹ ਯਰੂਸ਼ਲਮ ਪਹੁੰਚਿਆ, ਉਸਨੇ ਸ਼ਹਿਰ ਦੇ ਪ੍ਰਧਾਨਾਂ ਨੂੰ ਇਕੱਠੇ ਕਰਕੇ ਆਖਿਆ, “ਅਸੀਂ ਇੱਥੇ ਮੁਸੀਬਤ ਵਿੱਚ ਹਾਂ। ਸ਼ਹਿਰ ਥੇਹ ਵਿੱਚ ਹੈ ਅਤੇ ਫਾਟਕ ਸੜੇ ਪਏ ਹਨ। ਚਲੋ ਦੁਬਾਰਾ ਬਣਾਉਣਾ ਸ਼ੁਰੂ ਕਰੀਏ।” ਉਸਨੇ ਉਹਨਾਂ ਨੂੰ ਦੱਸਿਆ ਕੀ ਬਾਦਸ਼ਾਹ ਅਰਤਹਸ਼ਸ਼ਤਾ ਦੀ ਇਜਾਜਤ ਮਿਲ ਗਈ ਹੈ, ਅਤੇ ਸਭ ਤੋਂ ਜਰੂਰੀ ਸਾਰਿਆ ਲਈ ਇਹ ਹੈ ਜੋ ਪਰਮੇਸ਼ਵਰ ਤੁਹਾਡੀ ਵੱਲ ਹੈ।
5


ਨਹਮਯਾਹ ਦੇ ਵਿਸ਼ਵਾਸ਼ ਅਤੇ ਜ਼ੋਸ਼ ਨੇ ਜ਼ਰੂਰ ਲੋਕਾਂ ਨੂੰ ਪ੍ਰੇਰਣਾ ਦਿੱਤੀ। ਉਹ ਮੰਨ ਗਏ, ਕਿਹਾ, “ਚਲੋ ਦੁਬਾਰਾ ਬਣਾਈਏ।” ਨਹਮਯਾਹ ਨੇ ਹਰੇਕ ਪਰਿਵਾਰ ਨੂੰ ਦੱਸਿਆ ਕੀ ਉਹਨਾਂ ਦੀਵਾਰ ਦਾ ਕਿਹੜਾ ਹਿੱਸਾ ਜੋੜਨਾ ਹੋਵੇਗਾ।
6


ਪਰ, ਹਰ ਕੋਈ ਦੀਵਾਰ ਨੂੰ ਦੁਬਾਰਾ ਬਣਾਉਣ ਲਈ ਤਿਆਰ ਨਹੀ ਸੀ। ਇੱਕ ਮਨੁੱਖ ਜਿਸ ਦਾ ਨਾਂ ਸਨਬੱਲਟ ਅਤੇ ਉਸਦੇ ਦੋ ਮਿੱਤਰ ਟੋਬੀਯਾਹ ਅਤੇ ਗੇਸ਼ੇਮ ਜੋ ਯਹੂਦੀ ਨਹੀ ਸਨ ਅਤੇ ਉਹ ਨਹੀ ਚਾਹੁੰਦੇ ਸਨ ਕੀ ਦੀਵਾਰ
ਦੁਬਾਰਾ ਬਣੇ ਅਤੇ ਫਾਟਕ ਜੋੜੇ ਜਾਣ।
7


ਜਿਵੇਂ ਕੰਮ ਚੱਲ ਰਿਹਾ ਸੀ, ਸਨਬੱਲਟ ਨੂੰ ਬਹੁਤ ਗੁੱਸਾ ਆਇਆ। ਉਸਨੇ ਅਤੇ ਉਸਦੇ ਮਿੱਤਰਾਂ ਨੇ ਯਹੂਦੀਆਂ ਦਾ ਮਜ਼ਾਕ ਉਡਾਇਆ। ਟੋਬੀਯਾਹ ਨੇ ਆਖਿਆ, “ਜਦ ਇਹ ਇਸ ਕਮਜ਼ੋਰ ਦੀਵਾਰ ਨੂੰ ਬਣਾ ਲੈਣਗੇ, ਤਦ ਇੱਕ ਛੋਟੀ ਲੂਮੜੀ ਉਸਦੇ ਟੁਕੜੇ ਟੁਕੜੇ ਕਰ ਦੇਵੇਗੀ।” ਨਹਮਯਾਹ ਨੇ ਉੱਤਰ ਨਾਂ ਦਿੱਤਾ। ਉਸ ਦੇ ਬਦਲੇ, ਉਸਨੇ ਪ੍ਰਾਥਨਾ ਕੀਤੀ ਕੀ ਪਰਮੇਸ਼ਵਰ ਉਹਨਾਂ ਨੂੰ ਦੇਖੇਗਾ।
8


ਜਦ ਉਹਨਾਂ ਦੇ ਮਜ਼ਾਕ ਉਡਾਉਣ ਦਾ ਕੋਈ ਅਸਰ ਨਾਂ ਹੋਇਆ, ਤਾਂ ਉਹਨਾਂ ਨੇ ਯਰੂਸ਼ਲਮ ਦੇ ਵਿਰੁੱਧ ਇਕੱਠੇ ਹੋ ਕੇ ਲੜਾਈ ਕੀਤੀ ਅਤੇ ਜਿਨ੍ਹਾਂ ਵੀ ਉਹ ਉਹਨਾਂ ਨੂੰ ਪਰੇਸ਼ਾਨ ਕਰ ਸਕਦੇ ਸਨ, ਕੀਤਾ। ਨਹਮਯਾਹ ਨੇ ਫਿਰ ਪਰਮੇਸ਼ਵਰ ਦੀ ਸਹਾਇਤਾ ਲਈ ਪ੍ਰਾਥਨਾ ਕੀਤੀ। ਉਸ ਨੇ ਦਿਨ ਅਤੇ ਰਾਤ ਲਈ ਵੀ ਪਹਿਰੇਦਾਰ ਨਿਯੁਕਤ ਕੀਤੇ ਤਾਂ ਜੋ ਉਹ ਬੇਖ਼ਬਰੀ ਵਿੱਚ ਨਾ ਪੈ ਜਾਣ।
9


ਯਹੂਦੀਆਂ ਨੇ ਸਖਤ ਮਿਹਨਤ ਕੀਤੀ, ਉਹ ਥੱਕ ਰਹੇ ਸਨ। ਕੁਝ ਡਰ ਗਏ ਸਨ ਕੀ ਜਦ ਉਹ ਕੰਮ ਕਰ ਰਹੇ ਹੋਣਗੇ ਤਾਂ ਦੁਸ਼ਮਣ ਆ ਕੇ ਉਹਨਾਂ ਨੂੰ ਮਾਰ ਦੇਵੇਗਾ। ਫਿਰ ਵੀ, ਨਹਮਯਾਹ ਨੇ ਕੰਮ ਨਹੀਂ ਰੋਕਿਆ। ਉਸਨੇ ਉਹਨਾਂ ਦੇ ਦੁਆਲੇ ਪਹਿਰੇਦਾਰ ਲਾਏ ਅਤੇ ਯਾਦ ਕਰਾਇਆ ਕੀ ਪਰਮੇਸ਼ਵਰ ਉਹਨਾਂ ਦੀ ਵੱਲ ਹੈ ਅਤੇ ਪਰਮੇਸ਼ਵਰ ਕਿਸੇ ਵੀ ਦੁਸ਼ਮਣ ਨਾਲੋਂ ਜਿਆਦਾ ਤਾਕਤਵਰ ਹੈ!
10


ਨਹਮਯਾਹ ਨੇ ਚੰਗੀ ਉਦਾਹਰਨ ਦੇਣ ਦੀ ਕੋਸ਼ੀਸ਼ ਕੀਤੀ। ਬਾਦਸ਼ਾਹ ਅਰਤਹਸ਼ਸ਼ਤਾ ਨੇ ਨਹਮਯਾਹ ਨੂੰ ਯਰੂਸ਼ਲਮ ਦਾ ਗਵਰਨਰ ਉਸ ਅਧਿਕਾਰ ਨਾਲ ਬਣਾ ਦਿੱਤਾ, ਜੋ ਉਹ ਲੋਕਾਂ ਤੋਂ ਧਨ ਅਤੇ ਭੋਜਨ ਇਕੱਠਾ ਕਰੇ।
11


ਪਰ ਉਸ ਨੇ ਉਸ ਤਰ੍ਹਾਂ ਨਹੀ ਕੀਤਾ। ਜਿਵੇਂ ਉਹ ਦੀਵਾਰ ਨੂੰ ਦੁਬਾਰਾ ਬਣਾ ਰਹੇ ਸਨ ਉਸ ਨੇ ਲੋਕਾਂ ਨਾਲ ਸਖਤ ਮਿਹਨਤ ਕੀਤੀ। ਉਸ ਨੇ ਭੋਜਨ ਖਰੀਦਣ ਲਈ ਆਪਣਾ ਆਵਦਾ ਧਨ ਵਰਤਿਆ।
12


ਆਖਰ ਕਾਰ, ਲੋਕਾਂ ਨੇ ਦੀਵਾਰ ਬਣਾ ਲਈ, ਅਤੇ ਹੁਣ ਸਿਰਫ਼ ਮੁੱਖ ਫਾਟਕ ਉੱਤੇ ਦਰਵਾਜਾ ਲਾਉਣ ਵਾਲਾ ਰਹਿ ਗਿਆ ਸੀ। ਜਦ ਸਨਬੱਲਟ, ਟੋਬੀਯਾਹ ਅਤੇ ਗੇਸ਼ੇਮ ਨੇ ਇਹ ਸੁਣਿਆ ਕੀ ਹੁਣ ਦੀਵਾਰ ਵਿੱਚ ਕਿਤੇ ਵੀ ਜੁਗਾ ਨਹੀ ਹੈ,ਉਹਨਾਂ ਨੇ ਨਹਮਯਾਹ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਣਾ ਬਣਾਈ।
13


ਉਹਨਾਂ ਨੇ ਨਹਮਯਾਹ ਨੂੰ ਸੰਦੇਸ਼ ਭੇਜਿਆ ਕੀ ਉਹਨਾਂ ਨੂੰ ਉਸ ਜਗ੍ਹਾ ਤੇ ਜਿਹੜੀ ਉਨਾਉ ਕਹਾਉਂਦੀ ਹੈ ਆ ਕੇ ਮਿਲੇ। ਪਰ ਨਹਮਯਾਹ ਜਾਣ ਗਿਆ ਕੀ ਉਹ ਉਸ ਨੂੰ ਧੋਖੇ ਨਾਲ ਸ਼ਹਿਰ ਵਿੱਚੋਂ ਬਾਹਰ ਬੁਲਾ ਕੇ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਉਸਨੇ ਉਹਨਾਂ ਨੂੰ ਵਾਪਸ ਲਿਖਿਆ ਕੀ ਉਹ ਕੰਮ ਨੂੰ ਛੱਡ ਕੇ ਉਹਨਾਂ ਨੂੰ ਮਿਲਣ ਨਹੀਂ ਆਵੇਗਾ।
ਮੈਂ ਨਹੀਂ ਆ ਸਕਦਾ।
14













ਨਹਮਯਾਹ ਦੀ ਮਹਾਨ ਦੀਵਾਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਹਮਯਾਹ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।